ਜਮਾਤ -ਛੇਵੀਂ

ਪਾਠ-7 ਬਸੰਤ

ਸਾਹਿਤ ਰੂਪ-ਕਵਿਤਾ

ਲੇਖਕ- ਧਨੀ ਰਾਮ ਚਾਤ੍ਰਿਕ



ਪ੍ਰਸ਼ਨ (ੳ) ਬਸੰਤ ਦੀ ਆਮਦ 'ਤੇ ਰੁੱਖ ਕਿਉਂ ਨਿਹਾਲ ਹੁੰਦੇ ਹਨ ?

ਉੱਤਰ-ਬਸੰਤ ਦੀ ਆਮਦ'ਤੇ ਨਵੇਂ ਪੱਤੇ ਆਉਣ ਕਾਰਨ ਰੁੱਖ ਨਿਹਾਲ ਹੁੰਦੇ ਹਨ।

ਪ੍ਰਸ਼ਨ (ਅ) ਬਸੰਤ ਰੁੱਤ ਆਉਣ 'ਤੇ ਬੂਟਿਆਂ ਵਿੱਚ ਕਿਹੋ-ਜਿਹੀ ਤਬਦੀਲੀ ਆਉਂਦੀ ਹੈ ?

ਉੱਤਰ-ਬਸੰਤ ਰੁੱਤ ਆਉਣ'ਤੇ ਬੂਟਿਆਂ ਦੇ ਡੋਡੀਆਂ ਉੱਭਰ ਆਉਂਦੀਆਂ ਹਨ।



ਪ੍ਰਸ਼ਨ (ੲ) ਬਸੰਤ ਰੁੱਤ ਮੌਕੇ ਪੰਛੀ ਕਿਹੜਾ ਰਾਗ ਗਾਉਂਦੇ ਹਨ ?

ਉੱਤਰ- ਬਸੰਤ ਰੁੱਤ ਮੌਕੇ ਪੰਛੀ ਹਿੰਡੋਲ ਤੇ ਬਸੰਤ ਰਾਗ ਗਾਉਂਦੇ ਹਨ।

ਪ੍ਰਸ਼ਨ (ਸ) ਬਸੰਤ ਰੁੱਤ ਵਿੱਚ ਲੋਕ ਕਿਹੜਾ ਰੰਗ ਪਹਿਨਦੇ ਹਨ ?

ਉੱਤਰ- ਬਸੰਤ ਰੁੱਤ ਵਿੱਚ ਲੋਕ ਕੇਸਰੀ ਰੰਗ ਪਹਿਨਦੇ ਹਨ।



ਪ੍ਰਸ਼ਨ (ਹ) ਆਖਰੀ ਚਾਰ ਸਤਰਾਂ ਦੇ ਅਰਥ ਲਿਖੋ ?

ਉੱਤਰ- ਬਸੰਤ ਰੁੱਤ ਮੌਕੇ ਪੰਛੀਆਂ ਨੇ ਬਸੰਤ ਰਾਗ ਗਾਇਆ ਹੈ ਕਿਉਂਕਿ ਦੇਰ ਬਾਅਦ ਰੱਬ ਨੇ ਉਹਨਾਂ ਦੀ ਇੱਛਾ ਪੂਰੀ ਕੀਤੀ ਹੈ।ਲੱਗਦਾ ਹੈ ਜਿਵੇਂ ਇਸਤਰੀ ਰੂਪੀ ਬਸੰਤ ਕੌਰ ਆਪਣੇ ਡੋਰੇਦਾਰ ਨੈਣਾਂ ਵਿੱਚੋਂ ਗੁਲਾਲੀਆਂ ਸੁੱਟ ਰਹੀ ਹੈ।

ਪ੍ਰਸ਼ਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

1.ਨਿਹਾਲ- ਬਸੰਤ ਰੁੱਤ ਆਉਣ'ਤੇ ਰੁੱਖ ਨਿਹਾਲ ਹੋ ਜਾਂਦੇ ਹਨ।

2.ਜਹਾਨ- ਸਾਰਾ ਜਹਾਨ ਪਰਮਾਤਮਾ ਦੀ ਰਚਨਾ ਹੈ।

3.ਸਦਕੇ- ਮਾਂ ਆਪਣੇ ਪੁੱਤਰ ਤੋਂ ਸਦਕੇ ਜਾਂਦੀ ਹੈ।

4.ਮੁਰਾਦ- ਪਰਮਾਤਮਾ ਸਭ ਦੀ ਮੁਰਾਦ ਪੂਰੀ ਕਰਦਾ ਹੈ।

5.ਕਤਾਰ- ਸਾਰੇ ਬੱਚੇ ਕਤਾਰ ਵਿੱਚ ਬੈਠੇ ਸਨ

ਪ੍ਰਸ਼ਨ 2,4,5 ਪਾਠ ਪੜ੍ਹ ਕੇ ਵਿਦਿਆਰਥੀ ਆਪ ਉੱਤਰ ਦੇਣਗੇ।

ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700